**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ, ਚੰਡੀਗੜ**
(ਸਕੂਲ ਅਮਲਾ-1 ਸ਼ਾਖਾ)

ਅਤਿ ਜਰੂਰੀ/ ਮਿਤੀ ਬੱਧ

ਸੇਵਾ ਵਿਖੇ

ਮੰਡਲ ਸਿੱਖਿਆ ਅਫਸਰ,
ਫਰੀਦਕੋਟ, ਜਲੰਧਰ ਅਤੇ ਨਾਭਾ
ਮੀਮੋ ਨੰ:15/430-2009ਸੁਅ1(3,5,6)
ਮਿਤੀ, ਚੰਡੀਗੜ: 20-07-2010

ਵਿਸ਼ਾ: **ਨਬਾਰਡ ਸਕੀਮ ਅਧੀਨ ਲੈਕਚਰਾਰਾਂ ਦੀ ਤਰੱਕੀ ਰਾਹੀਂ 1539 ਅਸਾਮੀਆਂ ਭਰਨ ਸਬੰਧੀ।**

ਨਬਾਰਡ ਸਕੀਮ ਅਧੀਨ ਚਲ ਰਹੇ 351 ਸਕੂਲਾਂ ਲਈ 1902 ਲੈਕਚਰਾਰਾਂ ਦੀਆਂ ਅਤੇ ਤਰੱਕ ਸੰਗਤ ਨੀਤੀ ਕਾਰਨ ਸ਼ਰੀਰਕ ਸਿੱਖਿਆ ਦੇ ਲੈਕਚਰਾਰਾਂ ਦੀਆਂ 150 ਮਨਜੂਰ ਸ਼ੁਦਾ ਅਸਾਮੀਆਂ ਮਨਜੂਰ ਹੋਣ ਕਾਰਨ ਕੁਲ 2052 ਅਸਾਮੀਆਂ ਮਨਜੂਰ ਸ਼ੁਦਾ ਹਨ। ਜਿਸ ਲਈ 75% ਤਰੱਕੀ ਕੋਟੇ ਰਾਹੀਂ ਭਰੀਆਂ ਜਾਣੀਆਂ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਸਾਇੰਸ ਗਰੁਪ ਲਈ 699
2. ਕਮਰਸ ਗਰੁਪ ਲਈ 381
3. ਆਰਟਸ ਗਰੁਪ ਲਈ 349

ਕੁਲ 1902 ਅਸਾਮੀਆਂ ਵਿੱਚੋਂ ਲੜੀ ਨੰ 1,2 ਅਤੇ 3 ਲਈ 1426 ਅਸਾਮੀਆਂ ਭਰਨੀਆਂ ਹਨ ਅਤੇ ਸ਼ਰੀਰਿਕ ਸਿੱਖਿਆ ਵਿੱਚੋਂ 150 ਅਸਾਮੀਆਂ ਵਿੱਚੋਂ 113 ਤਰੱਕੀ ਕੋਟੇ ਰਾਹੀਂ ਭਰਨੀਆਂ ਹਨ। ਇਨ੍ਹਾਂ ਦੀ ਤਰੱਕੀ ਰਾਹੀਂ ਭਰਤੀ ਕੀਤੀ ਜਾਣੀ ਹੈ। ਮਾਸਟਰਾਂ ਤੋਂ ਲੈਕਚਰਾਰਾਂ ਦੀ ਤਰੱਕੀ ਲਈ ਪੱਤਰ ਆਪ ਨੂੰ ਪਹਿਲਾਂ ਹੀ ਕੱਢੇ ਗਏ ਹਨ ਅਤੇ ਰਿਕਾਰਡ ਮੰਡਲ ਸਿੱਖਿਆ ਅਫਸਰਾਂ / ਜਿਲਾ ਸਿੱਖਿਆ ਅਫਸਰਾਂ ਦੀ ਪੱਧਰ ਤੇ ਪਿਆ ਹੈ ਜਿਸ ਨੂੰ 2008-2009 ਤੱਕ ਦੀਆਂ ਗੁਪਤ ਰਿਪੋਰਟਾਂ ਲਗਾਕੇ ਅਪਟੂ ਡੇਟ ਕਰਕੇ ਭੇਜਣ ਲਈ ਕਿਹਾ ਹੋਇਆ ਹੈ।

ਇਸ ਤੋਂ ਬਿਨਾਂ ਜਿਲਾ ਸਿੱਖਿਆ ਅਫਸਰਾਂ ਅਧੀਨ ਪੈਂਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਖਾਲੀ ਅਤੇ ਭਰੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਪ੍ਰੋਫਾਰਮੇ ਤੇ ਭੇਜਿਆ ਜਾਵੇ:-

| ਲੜੀ ਨੰ | ਵਿਸ਼ਾ | ਖੁਲ ਅਸਾਮੀਆਂ | ਸਿੱਧੀ ਭਰਤੀ ਦੀਆਂ ਅਸਾਮੀਆਂ | ਤਰੱਕੀ ਕੋਟੇ ਦੀਆਂ ਅਸਾਮੀਆਂ | ਜ਼ਨਰਲ ਮੇਲ-ਫੀਮੇਲ | ਐਸ.ਸੀ ਮੈਲ-ਫੀਮੇਲ | ਵਿਸ਼ੇਸ਼ ਕਥਨ |
|---|---|---|---|---|---|---|---|
| | | | | | | | |

ਮਾਸਟਰਾਂ / ਮਿਸਟ੍ਰੈਸਾਂ ਤੋਂ ਬਤੌਰ ਲੈਕਚਰਾਰ ਵੱਖ ਵਿਸ਼ਿਆਂ ਵਿੱਚ ਤਰੱਕੀਆਂ ਕਰਨ ਲਈ ਕੇਸ ਮੰਗੇ ਗਏ ਹਨ, ਜਿਨ੍ਹਾਂ ਵਿੱਚ ਰੈਗੁਲਰ ਨਿਯੁਕਤੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਜਾਂਦਾ ਹੈ:-

| ਲੜੀ ਨੰ | ਵਿਸ਼ਾ | ਜਨਰਲ ਵਰਗ | | ਅਨੁਸੂਚਿਤ ਵਰਗ | |
|---|---|---|---|---|---|
| | | ਪੁਰਸ਼ | ਇਤਰੀਆਂ | ਪੁਰਸ਼ | ਇਤਰੀਆਂ |
| 1 | ਅੰਗਰੇਜੀ | 31-12-98 | 31-12-98 | 31-12-98 | 31-12-98 |
| 2 | ਅਰਥ ਸ਼ਾਸਤਰ | 1-10-80 | 31-7-94 | 31-7-99 | 31-7-99 |
| 3 | ਰਾਜਨੀਤੀ ਸ਼ਾਸਤਰ | 1-4-85 | 1-4-85 | 31-12-95 | 31-7-98 |
| 4 | ਇਤਿਹਾਸ | 31-10-80 | 1-4-85 | 31-12-95 | 31-12-95 |
| 5 | ਪੰਜਾਬੀ | 1-4-85 | 1-4-85 | 31-12-95 | 31-7-98 |
| 6 | ਹਿੰਦੀ | 1-4-77 | 31-12-76 | 31-12-95 | 31-12-95 |
| 7 | ਸ਼ਰੀਰਿਕ ਸਿੱਖਿਆ | 31-12-95 | 31-7-99 | 31-12-95 | 31-7-99 |
| 8 | ਭੁਗੋਲ | 31-12-95 | 31-7-98 | 31-12-95 | 31-7-98 |
| 9 | ਹਿਸਾਬ | 1-10-80 | 31-7-99 | 31-7-98 | 31-7-99 |
| 10 | ਸੰਸਕ੍ਰਿਤ | 31-12-95 | 31-12-95 | 31-7-98 | 31-7-99 |
| 11 | ਫਾਇਨ ਆਰਟਸ | 31-12-01 | 31-12-01 | 31-12-01 | 31-12-01 |
| 12 | ਬਾਇਆਲਾਜੀ | - | 30-06-01 | 30-06-01 | 30-06-01 |
| 13 | ਫਿਜਿਕਸ | 30-06-01 | 30-06-01 | 30-06-01 | 30-06-01 |
| 14 | ਕੈਮਿਸਟਰੀ | 30-06-01 | 30-06-01 | 30-06-01 | 30-06-01 |

ਸ਼ੋ ਉਪਰੋਕਤ ਸਥਿਤੀ ਵਿੱਚ ਲੋੜੀਂਦੀ ਸੂਚਨਾ ਸੀ.ਡੀ ਵਿੱਚ ਜੁਆਏ ਫੌਂਟ ਵਿੱਚ 2 ਪੜਤਾਂ ਡਾਰਡ ਕਾਪੀ ਦੀਆਂ ਭੇਜੀਆਂ ਜਾਣ। ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਜਿਲਿਆਂ ਤੋਂ ਹਰ ਪੱਖ ਤੋਂ ਮੁਕੰਮਲ ਵਿਸ਼ਾ ਵਾਰ ਕੇਸਾਂ ਦੀ ਪਾਤਰਤਾ ਸੂਚੀ ਪੰਜਾਬੀ ਵਿੱਚ ਤਿਆਰ ਕਰਕੇ ਦੋ ਪੜਤਾਂ ਵਿੱਚ ਹਾਰਡ ਕਾਪੀ ਅਤੇ ਸੀ.ਡੀ ਨਾਲ ਦਿੱਤੀ ਜਾਵੇ।

**ਵਿਸ਼ੇਸ਼ ਨੋਟ:** ਉਪਰੋਕਤ ਮਿਤੀਆਂ ਤੱਕ ਫੀਲਡ ਵਿੱਚ ਲੈਫਟ ਆਊਟ ਕੇਸ ਵੀ ਮੰਗੇ ਜਾਣ ਅਤੇ ਉਨ੍ਹਾਂ ਦੀ ਸੀ.ਡੀ ਅਤੇ ਪਾਤਰਤਾ ਸੂਚੀ ਦੋ ਪਰਤਾਂ ਵਿੱਚ ਵੱਖਰੀ ਬਣਾਈ ਜਾਵੇ। ਇਹ ਕੇਸ ਮਿਤੀ ਮਿਤੀ 31-7-2010 ਤੱਕ ਭੇਜੇ ਜਾਣ। ਇਸ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ। ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਜੀ ਨੇ ਮਿਤੀ 12-7-10 ਨੂੰ ਤੁਰੰਤ ਉਪਰੋਕਤ ਅਜੰਡਾ ਭੇਜਣ ਲਈ ਲਿਖਿਆ ਹੈ। ਇਹ ਵੀ ਸਰਟੀਫਿਕੇਟ ਦਿੱਤਾ ਜਾਵੇ ਕਿ ਉਪਰੋਕਤ ਦਰਸ਼ਾਈ ਮਿਤੀਆਂ ਤੱਕ ਕੇਸ ਕੋਈ ਭੇਜਣ ਤੋਂ ਨਹੀਂ ਰਹਿੰਦਾ।

ਸਹੀ

**ਸਹਾਇਕ ਡਾਇਰੈਕਟਰ** (ਸ.ਪ੍ਰ:1)

ਪਿੱਠ ਅੰਕਣ ਨੰ: ਉਕਤ ਮਿਤੀ: ਚੰਡੀਗੜ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਸਿੱਖਿਆ ਵਿਭਾਗ ਜੀ ਦੇ ਨੋਟ ਮਿਤੀ 12-7-10ਦੇ ਹਵਾਲੇ ਵਿੱਚ ਸੂਚਨਾ ਹਿੱਤ।
2. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ, ਚੰਡੀਗੜ ਨੂੰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਨੋਟ ਕਰਵਾਉਣ।
3. ਡਾਇਰੈਕਟਰ ਸਿੱਖਿਆ ਵਿਭਾਗ, ਚੰਡੀਗੜ ਪ੍ਰਸ਼ਾਸਨ ਆਪਣੇ ਅਧੀਨ ਕੰਮ ਕਰਦੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਨੋਟ ਕਰਵਾਉਣ।
4. ਡਾਰਿਰੈਕਟਰ ਜਨਰਲ ਸਕੂਲ ਸਿੱਖਿਆ ਜੀ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਨੋਟ ਕਰਵਾਉਣ ਦੀ ਖੇਚਲ ਕਰਨ ਜੀ।
5. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ, ਚੰਡੀਗੜ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਨੋਟ ਕਰਵਾਉਣ ਜੀ।

**ਸਹਾਇਕ ਡਾਇਰੈਕਟਰ** (ਸ.ਪ੍ਰ:1)